# Punjab Government Gazette

*Published by Authority*

No. 40] CHANDIGARH, FRIDAY, OCTOBER 2, 2026 (ASVINA 10, 1948 SAKA)


# PART I

**Punjab Government Notifications and Orders**

**ਪੰਜਾਬ ਸਰਕਾਰ**

ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ

(ਖੇਡਾਂ ਤੇ ਯੁਵਕ ਸੇਵਾਵਾਂ ਸ਼ਾਖਾ)

**ਨੋਟੀਫਿਕੇਸ਼ਨ**

ਮਿਤੀ 17 ਜੁਲਾਈ, 2026

**ਨੰ. 08/01/2026-4ਸਸ/302.**-ਸਰਕਾਰ ਦੇ ਪੱਤਰ ਨੰ. 08/01/2026-4ਸਸ/2/1 ਮਿਤੀ 07/01/2026 ਨੂੰ ਕਲੱਬਾਂ ਦੀ ਐਫੀਲੀਏਸ਼ਨ ਕਰਨ ਸਬੰਧੀ ਜਾਰੀ ਕੀਤੀ ਗਈ ਪਾਲਿਸੀ ਦੇ ਧਾਰਾ 12 ਵਿੱਚ ਹੇਠ ਅਨੁਸਾਰ ਸੋਧ ਕੀਤੀ ਜਾਂਦੀ ਹੈ:

**ਧਾਰਾ:** 12 **ਐਫੀਲੀਏਸ਼ਨ:-**

*"ੳ) ਪੰਜਾਬ ਦੇ ਕਿਸੇ ਵੀ ਪਿੰਡ, ਵਾਰਡ, ਸ਼ਹਿਰ, ਕਸਬਿਆਂ ਦੀ ਕਲੱਬ ਇਸ ਸੰਵਿਧਾਨ ਵਿਚਲੀਆਂ ਸ਼ਰਤਾਂ ਅਤੇ ਨਿਯਮਾਂ ਨੂੰ ਪੂਰਾ ਕਰਦੀ ਹੋਈ ਆਪਣੇ ਆਪ ਨੂੰ ਰਜਿਸਟਰਡ ਕਰਵਾ ਸਕਦੀ ਹੈ।*

*ਅ) ਯੁਵਕ ਸੇਵਾਵਾਂ ਵਿਭਾਗ ਨਾਲ ਯੂਥ ਕਲੱਬ ਐਫੀਲੀਏਟ ਕਰਵਾਉਣ ਲਈ ਕਲੱਬ ਵੱਲੋਂ ਵਿਭਾਗ ਦਾ ਨਿਰਧਾਰਿਤ ਪ੍ਰੋਫਾਰਮਾਂ (ਸ਼ਰਤਾਂ ਅਤੇ ਨਿਯਮਾਂ) ਅਨੁਸਾਰ ਤਸਦੀਕ ਕਰਨ ਉਪਰੰਤ ਕਲੱਬ ਦੀ ਐਫੀਲੀਏਸ਼ਨ ਲਾਜ਼ਮੀ ਹੋਵੇਗੀ। ਕਲੱਬ ਐਫੀਲੀਏਸ਼ਨ ਹੋਣ ਉਪਰੰਤ ਸਰਕਾਰ/ਵਿਭਾਗ ਵੱਲੋਂ ਜਾਰੀ ਕੀਤੀ ਜਾਣ ਵਾਲੀ ਵਿੱਤੀ ਸਹਾਇਤਾ ਨੂੰ ਕਲੱਬ ਦੇ ਬੈਂਕ ਖਾਤੇ ਸਬੰਧੀ ਮਾਪਦੰਡਾਂ ਲਈ ਰਜਿਸਟਰਾਰ ਆਫ ਸੁਸਾਇਟੀਜ ਅਧੀਨ ਰਜਿਸਟਰ ਕਰਵਾਉਣ ਸਬੰਧੀ ਜਿੰਮੇਵਾਰੀ ਕਲੱਬ ਦੇ ਪ੍ਰਧਾਨ ਦੀ ਹੋਵੇਗੀ।"*

2. ਇਹ ਨੋਟੀਫਿਕੇਸ਼ਨ ਮਾਣਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਸਹੀ/-

**ਸਰਵਜੀਤ ਸਿੰਘ, ਆਈ.ਏ.ਐਸ.,**
ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ,
ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ।

ਚੰਡੀਗੜ੍ਹ
ਮਿਤੀ 17 ਜੁਲਾਈ, 2026

*3843/9-2022/Pb. Govt. Press, S.A.S. Nagar*